# ਪੰਜਾਬੀ ਭਾਸ਼ਾ ਪਸਾਰ ਭਾਈਚਾਰਾ

ਹਵਾਲਾ ਨੰ: ਪ.ਭ.ਪ.ਭ/239
ਮਿਤੀ : 30.09.2019

ਵੱਲ

ਜਨਰਲ ਸਕੱਤਰ,
ਪੰਜਾਬੀ ਸਾਹਿਤ ਅਕੈਡਮੀ,
ਲੁਧਿਆਣਾ।

ਵਿਸ਼ਾ: ਪੰਜਾਬੀ ਭਾਸ਼ਾ ਪਸਾਰ ਭਾਈਚਾਰਾ ਵੱਲੋਂ ਪੰਜਾਬੀ ਭਾਸ਼ਾ ਦੇ ਵਿਕਾਸ ਲਈ ਅਤੇ ਜ਼ਿਲ੍ਹਾ ਅਦਾਲਤਾਂ ਵਿਚ ਹੁੰਦੇ ਕੰਮ-ਕਾਜ ਨੂੰ ਪੰਜਾਬੀ ਵਿਚ ਲਾਗੂ ਕਰਾਉਣ ਲਈ ਕੀਤੇ ਜਾਂਦੇ ਯਤਨਾਂ ਵਿਚ ਸਹਿਯੋਗ ਦੇਣ ਲਈ ਬੇਨਤੀ।

ਸ਼੍ਰੀ ਮਾਨ ਜੀ,

ਪਿਛਲੇ ਇੱਕ ਸਾਲ ਤੋਂ ਪੰਜਾਬੀ ਭਾਸ਼ਾ ਪਸਾਰ ਭਾਈਚਾਰਾ, ਪੰਜਾਬੀ ਭਾਸ਼ਾ ਦੇ ਵਿਕਾਸ ਅਤੇ ਪ੍ਰਚਾਰ ਲਈ ਸਰਗਰਮ ਹੈ।

ਆਪ ਜੀ ਨੂੰ ਪਤਾ ਹੀ ਹੈ ਕਿ ਪੰਜਾਬੀ ਭਾਸ਼ਾ ਤੇਜ਼ੀ ਨਾਲ ਸਰਕਾਰ, ਵਪਾਰ, ਪਰਿਵਾਰ ਅਤੇ ਸੱਭਿਆਚਾਰ ਵਿਚੋਂ ਅਲੋਪ ਹੁੰਦੀ ਜਾ ਰਹੀ ਹੈ। ਸਰਕਾਰੇ ਦਰਬਾਰੇ ਪੰਜਾਬੀ ਭਾਸ਼ਾ ਨੂੰ ਬਣਦਾ ਸਤਿਕਾਰ ਦਵਾਉਣ ਲਈ, ਭਾਈਚਾਰੇ ਵੱਲੋਂ ਵੱਖ-ਵੱਖ ਸਮੇਂ, ਪੰਜਾਬ ਸਰਕਾਰ ਨਾਲ ਚਿੱਠੀ ਪੱਤਰ ਕੀਤਾ ਜਾਂਦਾ ਹੈ। ਇਸ ਚਿੱਠੀ ਪੱਤਰ ਦੇ ਉਸਾਰੂ ਸਿੱਟੇ ਨਿਕਲ ਰਹੇ ਹਨ।

ਵੱਡੀ ਗਿਣਤੀ ਵਿਚ ਪੰਜਾਬੀ ਲੇਖਕ ਅਤੇ ਬੁੱਧੀਜੀਵੀ ਪੰਜਾਬੀ ਸਾਹਿਤ ਅਕੈਡਮੀ ਦੇ ਮੈਂਬਰ ਹਨ ਅਤੇ ਉਨ੍ਹਾਂ ਦੀ ਸਰਕਾਰੇ ਦਰਬਾਰੇ ਪਹੁੰਚ ਹੈ। ਪੰਜਾਬੀ ਭਾਸ਼ਾ ਪਸਾਰ ਭਾਈਚਾਰਾ ਚਾਹੁੰਦਾ ਹੈ ਕਿ ਪੰਜਾਬੀ ਸਾਹਿਤ ਅਕੈਡਮੀ, ਪੰਜਾਬੀ ਭਾਸ਼ਾ ਪਸਾਰ ਭਾਈਚਾਰੇ ਵੱਲੋਂ, ਮਾਂ ਬੋਲੀ ਪੰਜਾਬੀ ਦੇ ਵਿਕਾਸ ਅਤੇ ਪ੍ਰਚਾਰ ਲਈ ਵਿੱਢੇ ਸੰਘਰਸ਼ ਵਿਚ ਵੱਧ-ਚੜ੍ਹ ਕੇ ਹਿੱਸਾ ਲਵੇ।

ਭਾਈਚਾਰੇ ਵੱਲੋਂ ਮਿਤੀ 23.09.2019 ਨੂੰ ਡਾਇਰੈਕਟਰ ਭਾਸ਼ਾ ਵਿਭਾਗ, ਪੰਜਾਬ, ਪਟਿਆਲਾ ਨੂੰ ਇੱਕ ਪੱਤਰ ਲਿਖ ਕੇ ਡਾਇਰੈਕਟਰ ਵੱਲੋਂ ਨਵੰਬਰ 2019 ਦੇ ਪਹਿਲੇ ਹਫ਼ਤੇ ਭਾਸ਼ਾ ਵਿਭਾਗ ਵੱਲੋਂ ਮਨਾਏ ਜਾਣ ਵਾਲੇ 'ਪੰਜਾਬੀ ਸਪਤਾਹ' ਨੂੰ ਰਵਾਇਤੀ ਦੀ ਥਾਂ ਉਸਾਰੂ ਢੰਗ ਨਾਲ ਮਨਾਏ ਜਾਣ ਲਈ ਬੇਨਤੀ ਕੀਤੀ ਗਈ ਹੈ ਅਤੇ ਪੰਜਾਬ ਰਾਜ ਭਾਸ਼ਾ ਐਕਟ 1967 ਅਧੀਨ ਡਾਇਰੈਕਟਰ ਭਾਸ਼ਾ ਵਿਭਾਗ ਦੀਆਂ ਜ਼ਿੰਮੇਵਾਰੀਆਂ ਨੂੰ ਪ੍ਰਭਾਵਸ਼ਾਲੀ ਢੰਗ ਨਾਲ ਨਿਭਾਉਣ ਲਈ ਸੁਝਾਅ ਦਿੱਤੇ ਗਏ ਹਨ।

ਇਸੇ ਤਰ੍ਹਾਂ ਭਾਈਚਾਰੇ ਵੱਲੋਂ ਮਿਤੀ 28.09.2019 ਨੂੰ ਮਾਣਯੋਗ ਮੁੱਖ ਮੰਤਰੀ ਪੰਜਾਬ ਨੂੰ ਇੱਕ ਪੱਤਰ ਲਿਖ ਕੇ, ਸ਼੍ਰੀ ਗੁਰੂ ਨਾਨਕ ਦੇਵ ਜੀ ਦੇ 550ਵੇਂ ਪ੍ਰਕਾਬ ਪੁਰਬ ਤੇ ਪੰਜਾਬ ਵਿਚ ਵਸਦੇ ਪੰਜਾਬੀਆਂ ਨੂੰ ਅਦਾਲਤਾਂ ਵਿਚੋਂ ਮਿਲਦੇ ਇਨਸਾਫ਼ ਨੂੰ ਆਪਣੀ ਮਾਂ-ਬੋਲੀ ਵਿਚ ਉਪਲਬਧ ਕਰਾਉਣ ਅਤੇ ਪੰਜਾਬ ਰਾਜ ਭਾਸ਼ਾ ਐਕਟ 1967 ਦੀਆਂ ਵਿਵਸਥਾਵਾਂ ਨੂੰ ਪ੍ਰਭਾਵਸ਼ਾਲੀ ਢੰਗ ਨਾਲ ਲਾਗੂ ਕਰਨ ਲਈ, ਹਾਈ ਕੋਰਟ ਵੱਲੋਂ ਮੰਗੇ ਜਾ ਰਹੇ 1479 (ਹੁਣ ਕਰੀਬ 2000) ਮੁਲਾਜ਼ਮਾਂ ਦੀ ਜਲਦੀ ਭਰਤੀ ਕਰਨ ਲਈ ਬੇਨਤੀ ਕੀਤੀ ਗਈ ਹੈ।

PUNJABI BHASHA PASAAR BHAICHARA
ਸੰਪਰਕ/Contact : punjabibpbhaichara@gmail.com www.punjabibhashapasaarbhaichara.org
ਮੁੱਖ ਦਫਤਰ : 297, ਗਲੀ ਨੰ. 5, ਉਪਕਾਰ ਨਗਰ, ਸਿਵਿਲ ਲਾਈਨਜ਼, ਲੁਧਿਆਣਾ।

ਇਨ੍ਹਾਂ ਪੱਤਰਾਂ ਦੀਆਂ ਨਕਲਾਂ ਆਪ ਜੀ ਨੂੰ ਭੇਜ ਕੇ ਬੇਨਤੀ ਕੀਤੀ ਜਾਂਦੀ ਹੈ ਕਿ ਆਪ ਪੰਜਾਬੀ ਸਾਹਿਤ ਅਕੈਡਮੀ ਵੱਲੋਂ ਅਤੇ ਇਸ ਦੇ ਪ੍ਰਬੁੱਧ ਅਤੇ ਅਸਰ ਰਸੂਖ਼ ਵਾਲੇ ਮੈਂਬਰਾਂ ਰਾਹੀਂ, ਇਹ ਮਾਮਲਾ ਡਾਇਰੈਕਟਰ ਭਾਸ਼ਾ ਵਿਭਾਗ ਅਤੇ ਮੁੱਖ ਮੰਤਰੀ, ਪੰਜਾਬ ਸਰਕਾਰ ਨਾਲ ਪ੍ਰਭਾਵਸ਼ਾਲੀ ਢੰਗ ਨਾਲ ਉਠਾਓ ਤਾਂ ਜੋ ਡਾਇਰੈਕਟਰ ਭਾਸ਼ਾ ਵਿਭਾਗ ਨੂੰ 'ਪੰਜਾਬੀ ਸਪਤਾਹ' ਉਸਾਰੂ ਢੰਗ ਨਾਲ ਮਨਾਉਣ ਅਤੇ ਪੰਜਾਬ ਸਰਕਾਰ ਨੂੰ ਹਾਈ ਕੋਰਟ ਲਈ ਨਵੇਂ ਮੁਲਾਜ਼ਮ ਭਰਤੀ ਕਰਨ ਲਈ ਮਜਬੂਰ ਹੋਣਾ ਪਵੇ। ਇੰਝ ਹੋਣ ਨਾਲ ਇੱਕ ਪਾਸੇ ਪੰਜਾਬੀ ਭਾਸ਼ਾ ਦਾ ਤੇਜ਼ੀ ਨਾਲ ਵਿਕਾਸ ਸੰਭਵ ਹੋਵੇਗਾ ਅਤੇ ਦੂਜੇ ਪਾਸੇ ਲੋਕਾਂ ਨੂੰ ਆਪਣੀ ਮਾਤ ਭਾਸ਼ਾ ਵਿਚ ਇਨਸਾਫ਼ ਮਿਲਣ ਲੱਗੇਗਾ।

ਉਸਾਰੂ ਹੁੰਘਾਰੇ ਦੀ ਉਡੀਕ ਨਾਲ।

| | | |
|---|---|---|
| ਸੁਖਿੰਦਰ ਪਾਲ ਸਿੰਘ | ਮਹਿੰਦਰ ਸਿੰਘ ਸੇਖੋਂ | ਹਰਬਖਸ਼ ਸਿੰਘ ਗਰੇਵਾਲ |
| **ਸਹਾਇਕ ਸੰਚਾਲਕ** | **ਸਹਾਇਕ ਸੰਚਾਲਕ** | ਸਹਾਇਕ ਸੰਚਾਲਕ |

**<u>ਨੱਥੀ:</u>** ਚਿੱਠੀਆਂ ਮਿਤੀ 23.09.2019 ਅਤੇ 27.09.2019